ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ (ਐਸ.ਸੀ.ਈ.ਆਰ.ਟੀ.), ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲਕੈਸ, ਛੇਵੀਂ ਮੰਜ਼ਿਲ, ਬਲਾਕ-ਈ ਫੇਜ਼-8,
ਐਸ.ਏ.ਐਸ.ਨਗਰ, ਪੰਜਾਬ,

ਫੋਨ ਨੰ: 0172-2212221

ਰਾਜ ਪੱਧਰੀ ਨੈਸਨਲ ਮੀਨਜ- ਕਮ-ਮੈਰਿਟ ਸਕਾਲਰਸਿਪ ਚੋਣ ਪ੍ਰੀਖਿਆ-2021, ਪੰਜਾਬ

(ਕੇਵਲ ਅੱਠਵੀ ਸ੍ਰੇਣੀ ਲਈ)

ਦਫ਼ਤਰ ਐਸ.ਸੀ.ਈ.ਆਰ.ਟੀ., ਪੰਜਾਬ ਵੱਲੋ ਨੈਸਨਲ ਮੀਨਜ-ਕਮ-ਮੈਰਿਟ ਸਕਾਲਰਸਿਪ (NMMS) ਪ੍ਰੀਖਿਆ ਸਾਲ 2021-22 ਲਈ ਮਿਤੀ 16-01-2022 (ਐਤਵਾਰ) ਨੂੰ ਲਈ ਜਾਣੀ ਹੈ, ਜਿਸ ਵਿੱਚ 8ਵੀ ਕਲਾਸ ਵਿੱਚ ਪੜ੍ਹਦੇ 2210 ਵਿਦਿਆਰਥੀ (MoE, ਨਵੀਂ ਦਿੱਲੀ ਵੱਲੋਂ ਨਿਰਧਾਰਿਤ ਕੋਟਾ) ਦੀ ਚੋਣ ਕੀਤੀ ਜਾਣੀ ਹੈ। ਇਸ ਪ੍ਰੀਖਿਆ ਵਿੱਚ ਪੰਜਾਬ ਰਾਜ ਵਿੱਚ ਸਥਿਤ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬਾਡੀਜ ਸਕੂਲਾਂ ਦੇ 8ਵੀ ਸ੍ਰੇਣੀ ਵਿੱਚ ਪੜ੍ਹਦੇ ਉਹ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਬੈਠ ਸਕਦੇ ਹਨ, ਜਿਨ੍ਹਾਂ ਨੇ 7ਵੀ ਸ੍ਰੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ ਜਨਰਲ ਕੈਟਾਗਿਰੀ ਦੇ ਵਿਦਿਆਰਥੀਆਂ ਲਈ 55% ਅੰਕ ਜਾਂ ਇਸ ਦੇ ਬਰਾਬਰ ਦਾ ਗਰੇਡ ਅਤੇ ਰਾਖਵੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਲਈ 50% ਅੰਕ ਜਾਂ ਇਸ ਦੇ ਬਰਾਬਰ ਦਾ ਗਰੇਡ ਪ੍ਰਾਪਤ ਕੀਤਾ ਹੋਵੇ। ਰਾਜ ਪੱਧਰ ਦੀ ਨੈਸਨਲ ਮੀਨਜ-ਕਮ-ਮੈਰਿਟ ਸਕਾਲਰਸਿਪ (NMMS) ਚੋਣ ਪ੍ਰੀਖਿਆ ਦੀ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਐਮ.ਐਚ.ਆਰ.ਡੀ. ਨਵੀ ਦਿੱਲੀ ਵੱਲੋ 12000-ਰੁਪਏ ਦੀ ਰਾਸੀ ਪ੍ਰਤੀ ਸਾਲ ਦੀ ਦਰ ਨਾਲ 9ਵੀ ਸ੍ਰੇਣੀ ਤੋ ਸੁਰੂ ਹੋ ਕੇ 12ਵੀ ਸ੍ਰੇਣੀ ਤੱਕ ਵਜੀਫੇ ਦੇ ਤੌਰ ਤੇ ਦਿੱਤੀ ਜਾਵੇਗੀ। ਇਸ ਪ੍ਰੀਖਿਆ ਵਿੱਚ ਕੇਵਲ ਉਹੀ ਵਿਦਿਆਰਥੀ ਬੈਠ ਸਕਦੇ ਹਨ ,ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ (ਸਾਰੇ ਵਸੀਲਿਆਂ ਤੋਂ) ਕੇਵਲ 1,50,000- ਰੁਪਏ ਜਾਂ ਇਸ ਤੋ ਘੱਟ ਹੋਵੇ। (ਮਾਪਿਆਂ ਦੀ ਸਾਲਾਨਾ ਆਮਦਨ ਸਬੰਧੀ ਸਵੈ ਘੋਸ਼ਣਾ ਪੱਤਰ ਸਕੂਲ ਪ੍ਰਿੰਸੀਪਲ ਨੂੰ ਦਿੱਤਾ ਜਾਵੇ) ਪ੍ਰੀਖਿਆ, ਸਿਲੇਬਸ ਅਤੇ ਮਾਧਿਅਮ:- ਲਗਾਤਾਰ ਤਿੰਨ ਘੰਟਿਆਂ ਦੀ ਪ੍ਰੀਖਿਆ ਦੇ ਦੋ ਭਾਗ ਹੋਣਗੇ।

(1) ਮਾਨਸਿਕ ਯੋਗਤਾ ਦਾ ਟੈਸਟ- 90 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ )

(2) ਵਿਸਿਆਂ ਦੀ ਯੋਗਤਾ ਦਾ ਟੈਸਟ -90 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ ) ਹੋਣਗੇ।

ਸਿਲੇਬਸ :- ਵਿਸਿਆਂ ਦੀ ਯੋਗਤਾ ਦੇ ਟੈਸਟ ਵਿੱਚ 7ਵੀ ਅਤੇ 8ਵੀ ਸ੍ਰੇਣੀ ਦੇ ਪੱਧਰ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਗਣਿਤ, ਇਤਿਹਾਸ, ਭੂਗੋਲ ਅਤੇ ਨਾਗਰਿਕ ਸਾਸਤਰ ਵਿਸੇ ਹੋਣਗੇ।

ਪ੍ਰੀਖਿਆ ਦਾ ਮਾਧਿਅਮ ਅੰਗਰੇਜੀ ਤੇ ਪੰਜਾਬੀ ਹੋਵੇਗਾ।

ਦਾਖਲਾ ਫਾਰਮ:- ਵਿਦਿਆਰਥੀਆਂ ਦੇ ਦਾਖਲਾ ਫਾਰਮ ਸਕੂਲਾਂ ਵੱਲੋਂ ਸਿੱਖਿਆ ਵਿਭਾਗ ਦੇ ਪੋਰਟਲ www.epunjabschool.gov.in ਉਤੇ ਸਕੂਲ login ਅਧੀਨ ਮਿਤੀ 18-11-2021 ਤੋਂ 06-12-2021 ਤੱਕ ਭਰੇ ਜਾਣਗੇ।

ਰਾਖਵਾਂਕਰਨ:- ਵੱਖ-ਵੱਖ ਸ੍ਰੇਣੀਆਂ ਸਬੰਧੀ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ ਸਮੇਂ-ਸਮੇਂ 'ਤੇ ਜਾਰੀ ਹਦਾਇਤਾਂ ਅਨੁਸਾਰ ਵਿਚਾਰਿਆ ਜਾਵੇਗਾ। ਵਿਕਲਾਂਗ ਵਿਦਿਆਰਥੀਆਂ ਦੇ ਸਰਟਫਿਕੇਟਾਂ ਤੇ ਸਬੰਧਤ ਸਰਟੀਫਿਕੇਟ ਜਾਰੀ ਕਰਤਾ ਵੱਲੋ ਇਹ ਤਸਦੀਕ ਕੀਤਾ ਹੋਵੇ ਕਿ ਵਿਦਿਆਰਥੀ ਦੀ ਵਿਕਲਾਂਗਤਾ 40% ਜਾਂ ਇਸ ਤੋ ਵੱਧ ( PWD Disability Act ਤਹਿਤ) ਹੈ।

ਜਰੂਰੀ ਨੋਟ :

1. **ਐਸਸੀ** /ਬੀ.ਸੀ. /ਸਰੀਰਕ ਰੂਪ ਤੋਂ ਵਿਕਲਾਂਗ ਅਤੇ ਜਨਰਲ ਵਰਗ ਦੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਵਿਦਿਆਰਥੀ ਸਬੰਧਤ ਅਧਿਕਾਰੀਆਂ ਤੋਂ ਜਾਰੀ ਹੋਏ ਸਰਟੀਫਿਕੇਟ ਦੀ ਤਸਦੀਕਸੁਦਾ ਕਾਪੀ ਦਾਖਲਾ ਫਾਰਮ ਨਾਲ ਨੱਥੀ ਕਰਨਗੇ।
2. ਜਿਹੜੇ ਵਿਦਿਆਰਥੀ ਫਾਰਮ ਭਰਨ ਸਮੇਂ ਕੈਟਾਗਰੀ ਸਬੰਧੀ ਸਰਟੀਫਿਕੇਟ ਨਾਲ ਨੱਥੀ ਨਹੀਂ ਕਰਨਗੇ ਉਨ੍ਹਾਂ ਵਿਦਿਆਰਥੀਆਂ ਨੂੰ ਜਨਰਲ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ।
3. ਜਿਹੜੇ ਵਿਦਿਆਰਥੀ ਕੇਵਲ ਐਨਕ ਪਹਿਨਦੇ ਹਨ ਅਤੇ ਉਨ੍ਹਾਂ ਕੋਲ 40% ਜਾਂ ਇਸ ਤੋਂ ਵੱਧ (PWD Act 2016 ਤਹਿਤ ) ਵਾਲਾ ਸਰਟੀਫਿਕੇਟ ਨਹੀਂ ਹੈ, ਉਹ ਆਪਣੇ ਆਪ ਨੂੰ low vision category ਵਿੱਚ ਸ਼ਾਮਿਲ ਨਾ ਕਰਨ।
4. ਇਸ ਪ੍ਰੀਖਿਆ ਦੀ ਕੋਈ ਦਾਖਲਾ ਫੀਸ ਨਹੀਂ ਹੈ।
5. ਇਸ ਪ੍ਰੀਖਿਆ ਵਿੱਚ ਕੋਈ Negative marking ਨਹੀਂ ਹੈ।
6. ਦਾਖਲਾ ਫਾਰਮ/ ਐਡਮਿਟ ਕਾਰਡ ਭਰਨ ਸਮੇਂ ਵਿਦਿਆਰਥੀ ਦੀ ਜੋ ਜਾਤੀ ਸਕੂਲ ਮੁੱਖੀ ਵੱਲੋਂ ਭਰੀ ਜਾਵੇਗੀ ਉਸ ਨੂੰ ਹੀ ਸਹੀ ਮੰਨਿਆ ਜਾਵੇਗਾ।
7. ਜਾਤੀ ਸਬੰਧੀ ਅਤੇ ਵਿਕਲਾਂਗਤਾ ਸਬੰਧੀ ਸਰਟੀਫਿਕੇਟ ਸਕੂਲ ਮੁਖੀ ਦੁਆਰਾ ਵੈਰੀਫਾਈ ਕੀਤਾ ਜਾਵੇਗਾ।